ਪੰਜਾਬ ਸਰਕਾਰ, ਵਿੱਤ ਵਿਭਾਗ
(ਸਥਾਨਕ ਆਡਿਟ ਵਿੰਗ)

ਵੱਲ

ਪ੍ਰੀਖਕ
ਸਥਾਨਕ ਫੰਡ ਲੇਖਾ, ਪੰਜਾਬ,
ਚੰਡੀਗੜ੍ਹ।

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ ____________ ਮਿਤੀ____________

ਵਿਸ਼ਾ : ਲੇਖਾ ਪੜਤਾਲ ਅਤੇ ਨਿਰੀਖਣ ਰਿਪੋਰਟ ਨਗਰ ਪੰਚਾਇਤ ਰਾਜਾਸਾਂਸੀ, ਜ਼ਿਲ੍ਹਾ ਅੰਮ੍ਰਿਤਸਰ।
ਸਮਾਂ : 4/15-3/16

ਵਿਸ਼ੇ ਅਧੀਨ ਲੇਖਾ ਪੜਤਾਲ ਅਤੇ ਨਿਰੀਖਣ ਰਿਪੋਰਟ ਦੀ ਨਕਲ ਨੱਥੀ ਹੈ। ਇਸ ਵਿੱਚ ਦਰਸਾਏ ਹੇਠ ਲਿਖੇ ਗੰਭੀਰ ਇਤਰਾਜ਼ ਸਰਕਾਰ ਦੇ ਧਿਆਨ ਵਿੱਚ ਲਿਆਉਣ ਯੋਗ ਹਨ। ਇਹਨਾਂ ਪੈਰਿਆਂ ਵਿੱਚ ਦਰਸਾਈਆਂ ਗੰਭੀਰ ਊਕਾਈਆਂ ਅਤੇ ਬੇਕਾਇਦਗੀਆਂ ਉਪਰ ਤੁਰੰਤ ਕਾਰਵਾਈ ਦੀ ਧਿਆਨ ਵਿੱਚ ਲਿਆਉਣ ਯੋਗ ਹਨ। ਇਹ ਵੇਖਣ ਵਿੱਚ ਆਇਆ ਹੈ ਕਿ ਪਿਛਲੀਆਂ ਆਡਿਟ ਰਿਪੋਰਟਾਂ ਵਿੱਚ ਬਕਾਇਆ ਚਲੇ ਆ ਰਹੇ ਇਤਰਾਜ਼ ਤੇ ਢੁੱਕਵੀਂ ਕਾਰਵਾਈ ਨਹੀਂ ਕੀਤੀ ਗਈ ਅਤੇ ਇਹਨਾਂ ਵਿੱਚ ਵਾਧਾ ਹੋ ਰਿਹਾ ਹੈ। ਮਿਊਂਸਪਲ ਅਕਾਊਂਟ ਕੋਡ, 1930 ਦੇ ਰੂਲ 17, 17(6) ਅਤੇ (7) ਅਧੀਨ ਪਿਛਲੀ ਰਿਪੋਰਟ ਨਗਰ ਕੌਂਸਲ/ਨਿਗਮ ਸਾਹਮਣੇ ਪੇਸ਼ ਨਹੀਂ ਕੀਤੀ ਗਈ ਅਤੇ ਨਾ ਹੀ ਉਤਰਮਾਲਾ ਤਿਆਰ ਕਰਕੇ ਇਸ ਵਿਭਾਗ ਨੂੰ ਭੇਜੀ ਗਈ ਹੈ। ਜੋ ਉਪਰੋਕਤ ਨਿਯਮਾਂ ਦੇ ਪ੍ਰਤੀਕੂਲ ਹੈ। ਆਡਿਟ ਇਤਰਾਜ਼ਾਂ ਦੇ ਨਿਪਟਾਰੇ ਸਬੰਧੀ ਸਮੇਂ ਸਿਰ ਕਾਰਵਾਈ ਨਾ ਕਰਨ ਦੇ ਨਤੀਜੇ ਵਜੋਂ ਇਹਨਾਂ ਦੀ ਪਾਲਣਾ ਸਬੰਧੀ ਕਾਨੂੰਨੀ ਅੜਚਨਾਂ ਵੀ ਪੈਦਾ ਹੋ ਸਕਦੀਆਂ ਹਨ। ਇਸ ਲਈ ਨਗਰ ਕੌਂਸਲ ਅਧਿਕਾਰੀਆਂ ਨੂੰ ਆਡਿਟ ਇਤਰਾਜ਼ਾਂ ਦੀ ਪਾਲਣਾ ਕਰਨ ਪ੍ਰਤੀ ਵਿਸ਼ੇਸ਼ ਧਿਆਨ ਦੇ ਬਾਰੇ ਹਦਾਇਤਾਂ ਜਾਰੀ ਕਰਨਾ ਉਚਿਤ ਹੋਵੇਗਾ ਜੀ।

| ਲੜੀ ਨੰ: | ਵੇਰਵਾ | ਪੈਰਾ ਨੰ: | ਰਕਮ |
|---|---|---|---|
| 1 | ਗਬਨ ਜਾਂ ਕੁਵਰਤੋਂ ਬਾਰੇ ਪੈਰੇ | | |
| 2 | ਸਟਾਕ/ਸਟੋਰ ਵਿੱਚ ਪਾਈਆਂ ਤਰੁੱਟੀਆਂ | — | |
| 3 | ਘੱਟ ਵਸੂਲੀਆਂ ਬਾਰੇ ਪੈਰੇ | — | |
| 4 | ਅਨਿਯਮਤ/ਵਧੀਕ ਅਦਾਇਗੀਆਂ | 04 | |
| | ੳ. ਅਨਿਯਮਤ ਅਦਾਇਗੀਆਂ | 03 | |
| | ਅ. ਪ੍ਰੋਸੀਜਰਲ ਲੈਪਸ ਅਦਾਇਗੀਆਂ | | |
| | ੲ. ਟਾਲਣਯੋਗ ਅਦਾਇਗੀਆਂ | | |
| | ਸ. ਵਸੂਲਣਯੋਗ ਰਕਮਾਂ ਸਬੰਧੀ ਪੈਰੇ | 04,05 | |
| | ਹ. ਸਮਾਂ ਟਪ ਚੁੱਕੀਆਂ ਵਧੀਕ ਅਦਾਇਗੀਆਂ ਅਤੇ ਵਸੂਲੀਆਂ। | | |
| 5 | ਫੁਟਕਲ ਗੰਭੀਰ ਊਕਾਈਆਂ ਦੇ ਪੈਰੇ | | |
| 6 | ਲੇਖਿਆਂ ਤੇ ਰੱਖ ਰਖਾਵ ਦੀ ਸਥਿਤੀ ਰਿਕਾਰਡ ਜੋ ਪੇਸ਼ ਨਹੀਂ ਕੀਤਾ ਗਿਆ। | 15 | |

ਇਹ ਵੀ ਵੇਖਣ ਵਿੱਚ ਆਇਆ ਹੈ ਕਿ ਕਾਫੀ ਰਿਕਾਰਡ ਜਿਸ ਦਾ ਵੇਰਵਾ ਆਡਿਟ ਪੈਰਾ ਨੰਬਰ 11 ਵਿੱਚ ਦਿੱਤਾ ਗਿਆ ਹੈ, ਆਡਿਟ ਦੌਰਾਨ ਪੇਸ਼ ਨਹੀਂ ਕੀਤਾ ਗਿਆ। ਰਿਕਾਰਡ ਦਾ ਪੇਸ਼ ਨਾ ਹੋਣਾ ਗੰਭੀਰ ਬੇਕਾਇਦਗੀਆਂ ਦੀ ਸੰਭਾਵਨਾ ਦਾ ਸੰਕੇਤ ਦਿੰਦਾ ਹੈ। ਇਸ ਲਈ ਸਬੰਧਤ ਰਿਕਾਰਡ ਬਿਨਾਂ ਹੋਰ ਦੇਰੀ ਤੋਂ ਪੜਤਾਲ ਲਈ ਆਡਿਟ ਨੂੰ ਪੇਸ਼ ਕਰਵਾਉਣਾ ਸਬੰਧੀ ਹਦਾਇਤਾਂ ਜਾਰੀ ਕਰਨਾ ਉਚਿਤ ਹੋਵੇਗਾ ਤਾਂ ਜੋ ਪੜਤਾਲ ਉਪਰੰਤ ਬੇਨਿਯਮੀਆਂ ਸਰਕਾਰ ਦੇ ਧਿਆਨ ਵਿੱਚ ਲਿਆਂਦੀਆਂ ਜਾ ਸਕਣ ਜੀ।

ਰ.ਡ.ਡ(ਅ)
ਵਾਸਤੇ ਪ੍ਰੀਖਕ, ਸਥਾਨਕ ਫੰਡ ਲੇਖਾ, ਪੰਜਾਬ,
ਚੰਡੀਗੜ੍ਹ।

ਨੰਬਰ 5(429)39 ਮਿਤੀ 23/12/16

ਉਪਰੋਕਤ ਦਾ ਉਤਾਰਾ ਲੇਖਾ ਪੜਤਾਲ ਤੇ ਨਿਰੀਖਣ ਰਿਪੋਰਟ ਦੀ ਨਕਲ ਨਿਮਨਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ

1. ਕਾਰਜ ਸਾਧਕ ਅਫਸਰ ਨਗਰ ਪੰਚਾਇਤ ਰਾਜਾਸਾਂਸੀ, ਜ਼ਿਲ੍ਹਾ ਅੰਮ੍ਰਿਤਸਰ, ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਮਿਊਂਸਪਲ ਅਕਾਊਂਟ ਕੋਡ 1930 ਦੇ ਨਿਯਮ 17, 17(6) ਅਤੇ 7 ਅਧੀਨ, ਆਡਿਟ ਨੋਟ ਤੇ ਯੋਗ ਕਾਰਵਾਈ ਕਰਨ ਉਪਰੰਤ ਉਤਰਮਾਲਾ ਤਿੰਨ ਮਹੀਨੇ ਦੇ ਅੰਦਰ-ਅੰਦਰ ਇਸ ਦਫਤਰ ਨੂੰ ਭੇਜੀ ਜਾਵੇ।
2. ਡਿਪਟੀ ਕਮਿਸ਼ਨਰ, ਅੰਮ੍ਰਿਤਸਰ।
3. ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਅੰਮ੍ਰਿਤਸਰ।
4. ਸਹਾਇਕ ਕੰਟਰੋਲਰ/ਸੈਕਸ਼ਨ ਅਫਸਰ (ਲੋਕਲ ਆਡਿਟ), ਅੰਮ੍ਰਿਤਸਰ ਸਰਕਲ ਮਾਰਫਤ ਰਿਜਨਲ ਡਿਪਟੀ ਡਾਇਰੈਕਟਰ, ਲੋਕਲ ਆਡਿਟ ਅੰਮ੍ਰਿਤਸਰ ਰਿਜਨ।
5. ਦਫਤਰੀ ਕਾਪੀ।

ਰ.ਡ.ਡ(ਅ)
ਵਾਸਤੇ ਪ੍ਰੀਖਕ, ਸਥਾਨਕ ਫੰਡ ਲੇਖਾ, ਪੰਜਾਬ,
ਚੰਡੀਗੜ੍ਹ।

ਖਰੜਾ ਲੇਖਾ ਪੜਤਾਲ ਅਤੇ ਨਿਰੀਖਣ ਰਿਪੋਰਟ ਨਗਰ ਪੰਚਾਇਤ ਰਾਜਾਸਾਂਸੀ, ਜਿਲਾ ਅੰਮ੍ਰਿਤਸਰ ।

ਸਮਾਂ: 4/15 ਤੋਂ 3/16

1. ਪਿਛਲੀ ਆਡਿਟ ਰਿਪੋਰਟ ਸਮਾਂ 4/12 ਤੋਂ 3/15 ਤਕ ਨਗਰ ਪੰਚਾਇਤ ਰਾਜਾਸਾਂਸੀ ਦਫਤਰ ਵਿਖੇ ਮਿਤੀ 30-5-2016 ਨੂੰ ਪ੍ਰਾਪਤ ਹੋਈ ਸੀ ਜੋ ਕਿ ਨਗਰ ਪੰਚਾਇਤ ਦਾ ਸਾਹਮਣੇ ਪੇਸ਼ ਨਹੀ ਕੀਤੀ ਗਈ ਅਤੇ ਨਾਂ ਹੀਂ ਇਸ ਦੀ ਉਤਰਮਾਲਾ ਤਿਆਰ ਕਰਕੇ 06 ਹਫਤਿਆਂ ਦੇ ਵਿੱਚ ਇਸ ਦਫਤਰ ਨੂੰ ਨਹੀ ਭੇਜੀ ਗਈ ਸੀ ਜੋ ਕਿ ਮਿਉਂਸਪਲ ਕੋਡ 1930 ਦੇ ਨਿਯਮ 17.17(6) ਐ (7) ਦੀ ਉਲੰਘਣਾ ਸੀ। ਇਹ ਤੱਥ ਡਾਇਰੈਕਟਰ, ਸਥਾਨਕ ਸਰਕਾਰ ਜੀ ਦੇ ਵਿਸ਼ੇਸ਼ ਧਿਆਨ ਵਿੱਚ ਲਿਆਂਦਾ ਜਾਂਦਾ ਹੈ ।

ਵਰਤਮਾਨ ਆਡਿਟ ਦੇ ਅੰਤ ਤੇ ਹੇਠ ਲਿਖੇ ਅਨੁਸਾਰ 139 ਆਡਿਟ ਪੈਰੇ ਬਕਾਇਆ ਖੜੇ ਸਨ । ਪੂਰਾ ਵੇਰਵਾ ਅਨੁਲੱਗ **ੳ** ਵਿੱਚ ਦਰਸਾਇਆ ਗਿਆ ਹੈ। ਪੈਰਿਆਂ ਦੇ ਨਿਪਟਾਰੇ ਲਈ ਅੰਸ਼ਕ ਕਾਰਵਾਈ ਕੀਤੀ ਗਈ ਸੀ ਪ੍ਰੰਤੂ ਕੁਝ ਗੰਭੀਰ ਕਿਸਮ ਦੇ ਇਤਰਾਜ ਜਿਵੇਂ ਕਿ ਫੰਡਾਂ ਦੀ ਕੁਵਰਤੋਂ, ਵਧੀਕ ਬੇਕਾਇਦਾ ਪ੍ਰੋਵੀਜਨਲ ਅਤੇ ਟਾਲਣਯੋਗ ਖਰਚੇ, ਵਿਕਾਸ ਦੇ ਕੰਮਾਂ ਦੀਆਂ ਤਰੁਟੀਆਂ, ਲਾਗ ਬੁਕਾਂ, ਘੱਟ ਵਸੂਲੀਆਂ ਅਤੇ ਰਿਕਾਰਡ ਨਾਂ ਪੇਸ਼ ਕਰਨਾ ਆਦਿ ਵੱਲ ਧਿਾਨ ਦੇਣ ਦੀ ਜਰੂਰਤ ਹੈ। ਆਡਿਟ ਇਤਰਾਜਾਂ ਦੇ ਨਿਪਟਾਰੇ ਲਈ ਯੋਗ ਕਾਰਵਾਈ ਹੁਣ ਕੀਤੀ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| | | |
|---|---|---|
| ੳ | 15 ਸਾਲ ਤੋਂ ਵੱਧ ਪੁਰਾਣੇ | 45 |
| ਅ | 10 ਸਾਲ ਤੋਂ ਵੱਧ ਪੁਰਾਣੇ | 29 |
| ੲ | 05 ਸਾਲ ਤੋਂ ਵੱਧ ਪੁਰਾਣੇ | 27 |
| ਸ | ਹੋਰ | 38 |
| | ਕੁਲ | 139 |

2. **ਵਰਤਮਾਨ ਆਡਿਟ:-**

ਵਰਤਮਾਨ ਆਡਿਟ ਸਮਾਂ 4/15 ਤੋਂ 3/16 ਤਕ ਦੇ ਲੇਖਿਆਂ ਦਾ ਟੈਸਟ ਆਡਿਟ ਪਰਮਜੀਤ ਸਿੰਘ, ਆਡੀਟਰ ਵਲੋਂ ਮਿਤੀ 30-5-2016, 10-6-2016 ਅਤੇ 17-6-16 ਤਕ ਕੀਤਾ ਗਿਆ। ਇਸ ਸਬੰਧੀ ਮਹੀਨਾ 8/15 ਅਤੇ

1/16 ਦੇ ਲੇਖੇ ਵਿਸਥਾਰ ਪੂਰਵਕ ਪੜਤਾਲ ਲਈ ਚੁਣੇ ਗਏ ਅਤੇ ਪੜਤਾਲ ਦੌਰਾਨ ਪਾਈਆਂ ਗੰਭੀਰ ਉਕਾਈਆਂ ਸਬੰਧਤ ਪੈਰਿਆਂ ਵਿੱਚ ਵਿਸਥਾਰ ਪੂਰਵਕ ਉਲੇਖ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰਬਰ | ਵੇਰਵਾ | ਪੈਰਾ ਨੰਬਰ |
|---|---|---|
| 1 | ਅਨਿਯਮਤ/ਵਾਧੂ ਟਾਲਣਯੋਗ ਅਦਾਇਗੀਆਂ | 3 |
| 2 | ਵਸੂਲੀਆਂ | 4 |
| 3 | ਵਿਕਾਸ ਦੇ ਕੰਮ | 5 |
| 4 | ਵਿਤੀ ਸਥਿਤੀ | 7 |
| 5 | ਨਕਸ਼ੇ | 8 |
| 6 | ਵਾਟਰ ਸਪਲਾਈ | 9 |
| 7 | ਹਾਊਸ ਟੈਕਸ | 10 |
| 8 | ਲਾਗ ਬੁਕਾਂ | 11 |
| 9 | ਕਲਾਸੀਫਾਈਡ ਐਬਸਟਰੇਕਟ | 12 |
| 10 | ਰਿਕਾਰਡ ਪੇਸ਼ ਨਹੀ ਕੀਤਾ | 14 |
| 11 | ਫੁਟਕੱਲ | 15 |

**ਪੈਰਾ ਨੰਬਰ 3**

**3(ੳ) ਅਨਿਯਮਤ/ਵਾਧੂ ਟਾਲਣਯੋਗ ਅਦਾਇਗੀਆਂ :-**

ਆਡਿਟ ਰਿਪੋਰਟ ਸਮਾਂ 4/05 ਤੋਂ 3/12 ਦੇ ਪੈਰਾ ਨੰ 3(ਅ) ਮੁਤਾਬਕ ਵੋਚਰ ਨੰਬਰ 62 ਮਿਤੀ 21-5-10 ਰਾਹੀਂ ਦੀ. ਮਲਿਕ. ਕੋ ਆਪਰੇਟਿਵ ਸੋਸਾਇਟੀ ਨੂੰ 108520/- ਰੁਪਏ ਦੀ ਅਦਾਇਗੀ ਨਾਲੀਆਂ ਬਨਾਉਣ ਵਾਸਤੇ ਕੀਤੀ ਗਈ ਸੀ। ਜਿਸ ਵਿਚ 704.50 ਸਕੇਅਰ ਮੀਟਰ ਇਟਾਂ ਦੀ ਡਿਸਮੇਂਟਲਿੰਗ ਵੀ ਕੀਤੀ ਗਈ ਹੈ ਪਰ 704.50 ਸਕੇਅਰ ਮੀਟਰ ਵਿਚੋਂ ਇਟਾਂ ਅਤੇ ਰੋੜੀਆਂ ਦੀ ਰਿਕਵਰੀ ਨਹੀ ਕੀਤੀ ਗਈ। ਬਣਦੀ ਰਕਮ ਵਰਕ ਆਊਟ ਕਰਕੇ ਨਗਰ

V.N-16A ਮਿ. 14/11/17
ਇਹ ਰਿਕਵਰੀ ਕਰ ਲਈ ਗਈ ਹੈ
ਪੈਰਾ ਡਰਾਪ ਕੀਤਾ ਜਾਵੇ ਜੀ

ਪੰਚਾਇਤ ਫੰਡ ਵਿਚ ਜਮਾਂ ਨਹੀ ਕਰਵਾਈ ਗਈ। ਇਹ ਵਸੂਲੀ ਹੁਣ ਕਰਕੇ ਨਗਰ ਪੰਚਾਇਤ ਫੰਡ ਵਿਚ ਜਮਾਂ ਕਰਵਾਈ ਜਾਵੇ ਅਤੇ ਪਾਲਣਾ ਅਗਲੇ ਆਡਿਟ ਪੜਤਾਲ ਸਮੇਂ ਵਿਖਾਈ ਜਾਵੇ।

ਅ) ਨਗਰ ਪੰਚਾਇਤ ਰਾਜਾਸਾਂਸੀ ਵਲੋਂ ਸਾਲ 2015-16 ਦੌਰਾਨ ਹੇਠ ਲਿਖੇ ਵੇਰਵੇ ਅਨੁਸਾਰ ਵਾਧੂ/ ਅਨਿਯਮਤ ਅਦਾਇਗੀ ਕੀਤੀ ਗਈ ਜਿਸ ਨੂੰ ਸਰਕਾਰੀ ਨਿਯਮਾਂ ਅਨੁਸਾਰ ਸਹੀ ਨਹੀ ਮੰਨਿਆ ਜਾ ਸਕਦਾ। ਇਨਾਂ ਖਰਚਿਆਂ ਦੀ ਪੰਜਾਬ ਸਰਕਾਰ ਪਾਸੋਂ ਪ੍ਰਵਾਨਗੀ ਲੈਣ ਉਪਰੰਤ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਲੜੀ ਨੰਬਰ | ਵੋਚਰ ਨੰਬਰ | ਰਕਮ ਰੁਪੈ | ਵੇਰਵਾ |
|---|---|---|---|
| 1 | 25 ਮਿਤੀ 8-1-2016 | 7071- | ਮੁੱਖ ਮੰਤਰੀ ਦੀ ਰੈਲੀ ਵਿਚ ਸ਼ਾਮਲ ਹੋਣ ਲਈ 150 ਲੀਟਰ ਡੀਜਲ ਦੀ ਖ੍ਰੀਦ ਕਰਨ ਉਪਰੰਤ ਗੱਡੀ ਗੋਇੰਦਵਾਲ ਸਾਹਿਬ ਭੇਜੀ |
| 2 | 35 ਮਿਤੀ 21-1-2016 | 7000- | 26 ਜਨਵਰੀ ਦੇ ਜਸ਼ਨ ਮਨਾਉਣ ਲਈ ਐਸ ਡੀ ਐਮ ਅਜਨਾਲਾ ਨੂੰ ਚੈਕ ਨੰਬਰ 000754 ਮਿਤੀ 21-1-2016 ਰਾਹੀਂ ਰਕਮ ਭੇਜੀ |
| 3 | 25-ਏ ਮਿਤੀ 7-8-15 | 7000- | 15 ਅਗਸਤ ਦੇ ਜਸ਼ਨ ਮਨਾਉਣ ਲਈ ਐਸ ਡੀ ਐਮ ਅਜਨਾਲਾ ਨੂੰ ਚੈਕ ਨੰਬਰ 00692 ਮਿਤੀ 7-8-15 ਰਾਹੀਂ ਰਕਮ ਭੇਜੀ |
| 4 | 71 ਮਿਤੀ 24-8-15 | 1446- | ਦਫਤਰ ਦੇ ਬਿਜਲੀ ਬਿਲ ਖਾਤਾ ਨੰ ਏ 46ਜੀ ਟੀ 460141 ਏ ਜਿਸ ਦੀ ਕੁਲ |

ਇਨਾਂ ਤੋਂ ਕਈ ਜੋ ਕਮਾਂਡ ਦੀ ਰਕਮ ... ਵਿਚ ਮੰਗ ... ਕੀਤਾ ਜਾਵੇ ਜੀ

| | | | |
|---|---|---|---|
| | | | ਰਕਮ 18340- ਰੁਪੈ ਬਣਦੀ ਹੈ ਵਿਚ ਬਕਾਏ ਦੀ ਰਕਮ ਵਜੋਂ 1446- ਰੁਪਏ ਅਦਾ ਕੀਤੇ ਗਏ। |

ਪੈਰਾ ਨੰਬਰ 4- ਵਸੂਲੀਆਂ

ੳ) ਹੇਠ ਲਿਖੇ ਵੇਰਵੇ ਅਨੁਸਾਰ ਵੱਖ-ਵੱਖ ਦੁਕਾਨਦਾਰਾਂ ਵੱਲ 196423- ਰੁਪੈ ਕਿਰਾਏ ਵਜੋਂ ਬਕਾਏ ਖੜੇ ਸਨ ਪੜ੍ਹਤਾਲ ਸਮੇਂ ਦੇ ਅੰਤ ਤਕ ਇਹਨਾਂ ਬਕਾਏ ਦੀ ਵਸੂਲੀ ਨਹੀ ਕੀਤੀ ਗਈ ਸੀ ਜੋ ਕਿ ਸਹੀ ਨਹੀ। ਸਬੰਧਤ ਕਰਮਚਾਰੀ ਨੂੰ ਹਦਾਇਤ ਕੀਤੀ ਜਾਵੇ ਕਿ ਇਹਨਾਂ ਦੀ ਵਸੂਲੀ ਵਾਸਤੇ ਵਿਸ਼ੇਸ਼ ਉਪਰਾਲੇ ਕੀਤੇ ਜਾਣ ਅਤੇ ਕੀਤੀ ਵਸੂਲੀ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਦੁਕਾਨ ਨੰਬਰ | ਦੁਕਾਨਦਾਰ ਦਾ ਨਾਮ ਸਰਵਸ਼ੀ | ਬਕਾਇਆ ਖੜੀ ਰਕਮ ਰੁਪੈ |
|---|---|---|
| 1 | ਹਰਭਜਨ ਸਿੰਘ ਪੁਤਰ ਸੁਚੇਤ ਸਿੰਘ | 20990- |
| 2 | ਉਪਰੋਕਤ | 23366- |
| 4 | ਬਲਦੇਵ ਸਿੰਘ ਪੁਤਰ ਤਾਰਾ ਸਿੰਘ | 6672- |
| 5 | ਗੁਲਵਿੰਦਰ ਸਿੰਘ ਪੁਤਰ ਹਰਬੰਸ ਸਿੰਘ | 17363- |
| 6 | ਸਵਿੰਦਰ ਸਿੰਘ ਪੁਤਰ ਹਰਬੰਸ ਸਿੰਘ | - |
| 9 | ਗੁਲਸ਼ਨ ਸਿੰਘ ਪੁਤਰ ਅਨੋਖ ਸਿੰਘ | 13883- |
| 10 | ਗੁਰਵਿੰਦਰ ਪ੍ਰਕਾਸ਼ ਪੁਤਰ ਸਰਦੂਲ ਸਿੰਘ | 78142- |
| 11 | ਖੇਮ ਰਾਜ ਪੁਤਰ ਭਗਤ ਪ੍ਰਕਾਸ਼ | 26089- |
| 12 | ਕਮਲਾ ਰਾਣੀ | 9918- |
| | | **196423-** |

ਇਹ ਕਿਰਾਏ ਵਸੂਲੀ ਜਾਣੀ ਹੈ
ਇਹ ਪੈਰਾ ਸੈਟਲ ਕੀਤਾ ਜਾਏ।

ਦੁਕਾਨਾਂ ਦੇ ਕਿਰਏ ਦਾ ਰਜਿਸਟਰ ਸਮਰਥ ਅਧਿਕਾਰੀ ਤੋਂ ਤਸਦੀਕ ਨਹੀ ਕਰਵਾਇਆ ਗਿਆ। ਇਹ ਰਜਿਸਟਰ ਸਬੰਧਤ ਅਧਿਕਾਰੀ ਪਾਸੋਂ ਤਸਦੀਕ ਕਰਵਾਏ ਜਾਣ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

ਅ) ਨਗਰ ਪੰਚਾਇਤ ਵਲੋਂ ਪੁਲਿਸ ਵਿਭਾਗ ਨੂੰ ਰਾਜਾਸਾਂਸੀ ਵਿਖੇ ਪੁਲਿਸ ਸਟੇਸ਼ਨ ਬਣਵਾਉਣ ਵਾਸਤੇ 196 ਮਰਲੇ ਜਗਾ 33 ਸਾਲਾਂ ਵਾਸਤੇ ਪਟੇ ਤੇ 50000- ਰੁਪੈ ਪ੍ਰਤੀ ਸਲਾਨਾ ਚਕੋਤੇ ਤੇ ਦਿਤੀ ਗਈ ਸੀ। ਐਸ ਐਸ ਪੀ ਅੰਮ੍ਰਿਤਸਰ ਨਾਲ ਹੋਏ ਇਕਰਾਰਨਾਮੇ ਮੁਤਾਬਿਕ ਇਹ ਰਕਮ 3 ਸਾਲ ਬਾਅਦ ਇਸ ਰਕਮ ਤੇ ਵਾਧਾ ਲਿਆ ਜਾਵੇਗਾ। ਇਕਰਾਰਨਾਮੇ ਮੁਤਾਬਿਕ ਸਮਾਂ 1-4-13 ਤੋਂ 31-3-16 ਤਕ ਦੀ ਬਣਦੀ ਰਕਮ 172500- ਰੁਪੈ ਪੜਤਾਲ ਦੇ ਸਮੇਂ ਤਕ ਪੁਲਿਸ ਵਿਭਾਗ ਵਲੋਂ ਨਗਰ ਪੰਚਾਇਤ ਫੰਡ ਵਿਚ ਜਮਾਂ ਨਹੀ ਕਰਵਾਈ ਗਈ ਸੀ, ਜੋ ਕਿ ਸਹੀ ਨਹੀ ਹੈ। ਇਸ ਰਕਮ ਦੀ ਵਸੂਲੀ ਲਈ ਢੁਕਵੇਂ ਉਪਰਾਲੇ ਕੀਤੇ ਜਾਣ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

ੲ) ਨਗਰ ਪੰਚਾਇਤ ਵਲੋਂ ਵਿਕਾਸ ਦੇ ਕੰਮਾਂ ਲਈ ਹੇਠ ਦਿਤੇ ਵੇਰਵੇ ਅਨੁਸਾਰ ਅੰਤਿਮ ਅਦਾਇਗੀਆਂ ਕੀਤੀਆਂ ਗਈਆਂ ਪ੍ਰੰਤੂ ਇਹ ਅੰਤਿਮ ਅਦਾਇਗੀਆਂ ਕਰਦੇ ਸਮੇਂ ਪੰਚਾਇਤ ਅਧਿਕਾਰੀਆਂ ਵਲੋਂ ਕੰਮਾਂ ਦਾ ਨਿਰੀਖਣ ਕਰਕੇ ਫਾਰਮ ਐਮ.ਡਬਲਯੂ-12 ਵਿਚ ਕੰਪਲੀਸ਼ਨ ਰਿਪੋਰਟਾਂ ਵਰਕ ਬਿਲਾਂ ਨਾਲ ਪੇਸ਼ ਨਹੀ ਕੀਤੀਆਂ ਗਈਆਂ ਜਿਸ ਕਰਕੇ ਕੰਮਾਂ ਦੀ ਸਪੈਸੀਫਿਕੇਸ਼ਨ ਅਨੁਸਾਰ ਸੰਪੂਰਨਤਾ ਨੂੰ ਤਸਦੀਕ ਨਹੀ ਕੀਤਾ ਜਾ ਸਕਦਾ। ਇਹ ਰਿਪੋਰਟਾਂ ਹੁਣ ਪ੍ਰਾਪਤ ਕੀਤੀਆਂ ਜਾਣ ਅਤੇ ਵਰਕ ਬਿਲਾਂ ਨਾਲ ਲਗਾਕੇ ਅਗਲੇ ਆਡਿਟ ਸਮੇਂ ਚੈਕ ਕਰਵਾਈਆਂ ਜਾਣ।

| ਵੋਚਰ ਨੰਬਰ | ਮਹੀਨਾ | ਫਰਮ ਦਾ ਨਾਮ | ਰਕਮ ਰੁਪੈ | ਕੰਮ ਦਾ ਨਾਮ |
|---|---|---|---|---|
| 14 | 12/12 | ਦੀ ਮਲਿਕ ਕੋ ਆਪਰੇਟਿਵ ਸੋਸਾਇਟੀ ਲਿਮਿਟਡ | 173118- | ਗਲੀਆਂ ਦਾ ਫਰਸ਼ ਨੇੜੇ ਬਿਟੂ ਦੇ ਘਰ ਤੋਂ ਹੀਰਾ ਸਿੰਘ ਵਾਰਡ ਨੰਬਰ 2 |
| 15 | ਉਹੀ | ਉਹੀ | 225278- | ਵੱਖ ਵੱਖ ਗਲੀਆਂ ਵਿਚ ਡੀ ਟਾਇਪ ਗਲੀਆਂ 1 ਅਤੇ 2 ਨਵੀਆਂ ਬਣਾਉਣ ਅਤੇ ਰਿਪੇਅਰ, ਰਾਜਾਸਾਂਸੀ |

| | | | | |
|---|---|---|---|---|
| 7 | ਉਹੀ | ਦੀ ਨੈਸ਼ਨਲ ਕੋ ਆਪਰੇਟਿਵ ਸੋਸਾਇਟੀ ਲਿਮਿਟਡ | 493526- | ਵੱਖ ਵੱਖ ਗਲੀਆਂ ਵਿਚ ਡੀ ਟਾਇਪ ਗਲੀਆਂ 1 ਅਤੇ 2 ਨਵੀਆਂ ਬਨਾਉਣ ਅਤੇ ਰਿਪੇਅਰ, ਰਾਜਾਸਾਂਸੀ ਵਾਰਡ 1-13 |
| 23 | ਉਹੀ | ਮੈਸ. ਸੁਭਾਸ਼ ਐਂਡ ਸੰਨਜ਼ | 1066959- | ਸਪਲਾਈ ਐਂਡ ਇਰੈਕਸ਼ਨ ਆਫ ਵੈਲਕਮ ਰੈਪੋ ਗੇਟ, ਅਦਲੀਵਾਲਾ ਰੋਡ, ਰਾਜਾਸਾਂਸੀ |
| 39 | ਉਹੀ | ਦੀ ਨੈਸ਼ਨਲ ਕੋ ਆਪਰੇਟਿਵ ਸੋਸਾਇਟੀ ਲਿਮਿਟਡ | 314319- | ਗਲੀਆਂ ਵਿਚ ਇੰਟਰਲੋਕਿੰਗ ਬਲਾਕ 600 ਐਮ ਐਮ ਵਾਸਤੇ- ਨੇੜੇ ਬਲਵਿੰਦਰ ਸਿੰਘ ਦੇ ਘਰ ਤੋਂ ਸਰਦੂਲ ਸਿੰਘ ਦੇ ਘਰ ਤਕ , ਵਾਰਡ ਨੰਬਰ 08 |
| 58 | ਉਹੀ | ਦੀ ਨੈਸ਼ਨਲ ਕੋ ਆ. ਸੋਸਾਇਟੀ ਲਿਮਿਟਡ | 286123- | ਗਲੀਆਂ ਵਿੱਚ ਇੰਟਰਲੋਕਿੰਗ ਬਲਾਕ 60 ਐਮ ਐਮ ਲਗਾਉਣ ਵਾਸਤੇ- ਜਰਮਨ ਸਿੰਘ ਦੇ ਘਰ ਨੇੜੇ ਵਾਰਡ ਨੰ 4 |
| 62 | ਉਹੀ | ਦੀ ਰਾਜਾ ਕੋ ਆ. ਸੋਸਾਇਟੀ ਲਿਮਿਟਡ | 232299- | ਗਲੀਆਂ ਵਿੱਚ ਇੰਟਰਲੋਕਿੰਗ ਬਲਾਕ 60 ਐਮ ਐਮ ਲਗਾਉਣ ਵਾਸਤੇ- ਹਰਦੇਵ ਸਿੰਘ ਦੇ ਘਰ ਤੋਂ ਬਾਬਾ ਰਹਿਮਤ ਵਾਰਡ ਨੰ 12 |
| 20 | 5/13 | ਮੈਸ. ਐਮ ਐਸ ਇੰਟਰਪ੍ਰਾਇਸਿਜ਼ | 210721- | ਵੱਖ ਵੱਖ ਸੜਕਾਂ ਤੇ ਪਲਾਸਟਿਕ ਸਪੀਡਬ੍ਰੇਕਰ ਲਗਾਉਣ ਸਬੰਧੀ, |

| | | | | |
|---|---|---|---|---|
| | | | | ਰਾਜਾਸਾਂਸੀ |
| 21 | 5/13 | ਮੈਸ. ਐਮ ਐਸ ਇੰਟਰਪ੍ਰਾਇਜ਼ਿਜ਼ | 452061- | ਸੜਕਾਂ ਦੇ ਦੋਨੇ ਪਾਸੇ ਨਿਸ਼ਾਨ ਪੱਟੀ ਅਤੇ ਸੜਕਾਂ ਤੇ ਬਲਿੰਕਰ ਲਗਾਉਣ ਵਾਸਤੇ, ਅਜਨਾਲਾ ਰੋਡ ਤੋਂ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਰਾਜਾਸਾਂਸੀ |
| 28 | 5/13 | ਦੀ ਨੈਸ਼ਨਲ ਕੋ ਆ. ਸੋਸਾਇਟੀ ਲਿਮਿਟਡ | 222402- | ਨਵੀਆਂ ਨਾਲੀਆਂ ਬਨਾਉਣ ਤੇ ਰਿਪੇਅਰ, ਵਾਰਡ ਨੰ 9 |
| 30 | 5/13 | ਦੀ ਨਿਊ ਲਾਇਟ ਕੋ.ਆ. ਸੋਸਾਇਟੀ ਲਿਮਿਟਡ | 194816- | ਵਾਰਡ ਨੰਬਰ 12 ਵਿਚ ਧਰਮਸ਼ਾਲਾ ਬਨਾਉਣ ਸਬੰਧੀ |
| 35 | 5/13 | ਦੀ ਤ੍ਰਪਲਾ ਕੋ.ਆ. ਸੋਸਾਇਟੀ ਲਿਮਿਟਡ | 229812- | ਬਾਜਾਰ ਭੋਲੀਵਾਲਾ ਤੋਂ ਹਵਾਈ ਅੱਡੇ ਦੀ ਕੰਧ ਨਾਲ ਖੁੱਲੇ ਨਾਲੇ ਦੀ ਰਿਪੇਅਰ ਅਤੇ ਮਿਟੀ ਦੀ ਭਰਤ ਸਬੰਧੀ, ਵਾਰਡ ਨੰਬਰ 12 |
| 36 | 5/13 | ਦੀ ਤ੍ਰਪਲਾ ਕੋ.ਆ. ਸੋਸਾਇਟੀ ਲਿਮਿਟਡ | 121630- | ਬਾਜਾਰ ਭੋਲੀਵਾਲਾ ਤੋਂ ਹਵਾਈ ਅੱਡੇ ਦੀ ਕੰਧ ਨਾਲ ਖੁੱਲੇ ਨਾਲੇ ਦੀ ਸੱਜੇ ਪਾਸੇ ਮਿਟੀ ਦੀ ਭਰਤ ਸਬੰਧੀ, ਵਾਰਡ ਨੰਬਰ 12 |

ਪੈਰਾ ਨੰਬਰ 4(ਸ)

ਟਾਵਰਾਂ ਦੀ ਆਮਦਨ:-

ਹੇਠ ਲਿਖੇ ਅਨੁਸਾਰ ਵੱਖ ਵੱਖ ਕੰਪਨੀਆਂ ਦੇ ਟਾਵਰ ਨਗਰ ਪੰਚਾਇਤ ਰਾਜਾਸਾਂਸੀ ਦੀ ਹਦੂਦ ਵਿਚ ਲੱਗੇ ਸਨ। ਇਨਾਂ ਕੰਪਨੀਆਂ ਵੱਲ 324950- ਰੁਪਏ ਬਤੌਰ ਲਾਇਸੈਂਸ ਫੀਸ ਵਜੋਂ ਖੜੇ ਸਨ ਜਿਸ ਦੀ ਪੜਤਾਲ ਸਮੇਂ ਦੇ ਅੰਤ ਤਕ ਨਹੀ ਕੀਤੀ ਗਈ ਸੀ। ਇਸ ਦੀ ਵਸੂਲੀ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ ਅਤੇ ਕੀਤੀ ਵਸੂਲੀ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਲੜੀ ਨੰਬਰ | ਸਮਾਂ | ਰਕਮ ਰੁਪੈ | ਵੇਰਵਾ |
|---|---|---|---|
| 1 | 2014-15 | 9950- | ਭਾਰਤੀ ਇੰਨਫੋਟੇਲ ਲਿਮਿਟਡ ਏਅਰਟੈਲ ਟਾਵਰ |
| 2 | 2014-15 | 14000- | ਜੀ ਟੀ ਐਲ ਇਨਫਰਸਟਰਕਚਰ ਇੰਡਸਟਰੀਅਲ ਏਰਿਆ, ਮੋਹਾਲੀ |
| 3 | 2014-15 | 20300- | ਵੋਡਾਫੋਨ ਐਸ ਆਰ ਸਾਉਥ ਲਿਮਿਟਡ ਇੰਡਸਟਰੀਅਲ ਏਰਿਆ ਮੋਹਾਲੀ |
| 4 | 2014-15 | 20300- | ਇੰਨਡਸ ਪਾਵਰ ਲਿਮਿਟਡ ਡੀ ਐਲ ਐਫ ਆਈ ਟੀ ਪਾਰਕ ਚੰਗੀਗੜ |
| 5 | 2003-04 ਤੋਂ 2014-15 | 133000- | ਬੀ ਐਸ ਐਨ ਐਲ ਟੈਲੀਫੋਨ ਐਕਸਚੇਂਜ ਮੋਹਾਲੀ |
| 6 | 2014-15 | 12200- | ਰਿਲਾਇੰਸ ਇੰਨਫੋਕੋਮ ਲਿਮਿਟਡ ਫੇਸ 8 |

| | | | |
|---|---|---|---|
| | | | ਮੋਹਾਲੀ |
| 7 | 2014-15 | 60200- | ਟੂਲਿਪ ਟੈਲੀਕਾਮ ਲਿਮਿਟਡ ਸੈਕਟਰ 20-ਸੀ ਚੰਡੀਗੜ |
| 8 | 2011-12 ਤੋਂ 2014-15 | 55000- | ਵਿਉਮ ਨੈਟਵਰਕਿੰਗ ਲਿਮਿਟਡ ਮੋਹਾਲੀ |

**ਪੈਰਾ ਨੰਬਰ 5- ਵਿਕਾਸ ਦੇ ਕੰਮ:-**

**ੳ)** ਹੇਠ ਲਿਖੇ ਵੇਰਵੇ ਅਨੁਸਾਰ ਵੱਖ ਵੱਖ ਫਰਮਾਂ ਨੂੰ ਵਿਕਾਸ ਦੇ ਕੰਮਾਂ ਦੀਆਂ ਅਦਾਇਗੀਆਂ ਕੀਤੀਆਂ ਗਈਆਂ ਸਨ। ਪ੍ਰੰਤੂ ਇਹਨਾਂ ਬਿਲਾਂ ਦੀਆਂ ਗਲਤ ਕੈਲਕੁਲੇਸ਼ਨਾਂ ਅਤੇ ਜੋੜਾਂ ਵਿੱਚ ਫਰਕ ਹੋਣ ਕਰਕੇ ਫਰਮਾਂ ਨੂੰ 15566- ਰੁਪੈ ਦੀ ਵਾਧੂ ਅਦਾਇਗੀ ਕੀਤੀ ਗਈ ਹੈ। ਇਹ ਵਾਧੂ ਅਦਾਇਗੀ ਇਹਨਾਂ ਫਰਮਾਂ ਤੋਂ ਵਸੂਲ ਕੇ ਨਗਰ ਪੰਚਾਇਤ ਫੰਡ ਵਿਚ ਜਮਾਂ ਕਰਵਾਈ ਜਾਵੇ। ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ। (ਇਸਦਾ ਹਵਾਲਾ ਆਡਿਟ ਨੋਟ ਸਮਾਂ 4/12 ਤੋਂ 3/15 ਵਿੱਚ ਵੀ ਦਿਤਾ ਗਿਆ ਸੀ।

| ਵੋਚਰ ਨੰਬਰ | ਮਹੀਨਾ | ਫਰਮ ਦਾ ਨਾਮ | ਅਦਾ ਕੀਤੀ ਰਕਮ ਰੁਪੈ | ਅਸਲ ਬਣਦੀ ਰਕਮ ਰੁਪੈ | ਵਾਧੂ ਅਦਾਇਗੀ ਰਕਮ ਰੁਪੈ |
|---|---|---|---|---|---|
| 23 | 12/12 | ਮੈਸ. ਸੁਭਾਸ਼ ਐਂਡ ਸੰਨਜ਼ | 111842- | 96276- | 15566- |

ਅ) ਨਗਰ ਪੰਚਾਇਤ ਵਲੋਂ ਵਿਕਾਸ ਦੇ ਕੰਮਾਂ ਦੀਆਂ ਹੇਠ ਦਿਤੇ ਅਨੁਸਾਰ ਅੰਤਿਮ ਅਦਾਇਗੀਆਂ ਕੀਤੀਆਂ ਗਈਆਂ ਪ੍ਰੰਤੂ ਇਹ ਅੰਤਿਮ ਅਦਾਇਗੀਆਂ ਕਰਦੇ ਸਮੇਂ ਨਗਰ ਪੰਚਾਇਤ ਅਧਿਕਾਰੀਆਂ ਵਲੋਂ ਕੰਮਾਂ ਦਾ ਨਿਰੀਖਣ ਕਰਕੇ ਫਾਰਮ ਐਮ-ਡਬਲਯੂ-12 ਵਿਚ ਕੰਪਲੀਸ਼ਨ ਰਿਪੋਰਟਾਂ ਵਰਕ ਬਿਲਾਂ ਨਾਲ ਪੇਸ਼ ਨਹੀ ਕੀਤੀਆਂ ਗਈਆਂ ਜਿਸ ਕਰਕੇ ਕੰਮਾਂ ਦੀ ਸਪੈਸੀਫਿਕੇਸ਼ਨ ਅਨੁਸਾਰ ਸੰਪੂਰਨਤਾ ਨੂੰ ਤਸਦੀਕ ਨਹੀ ਕੀਤਾ ਜਾ ਸਕਦਾ। ਇਹ ਰਿਪੋਰਟਾਂ ਹੁਣ ਪ੍ਰਾਪਤ ਕੀਤੀਆਂ ਜਾਣ ਅਤੇ ਵਰਕ ਬਿਲਾਂ ਨਾਲ ਲਗਾ ਕੇ ਅਗਲੇ ਆਡਿਟ ਸਮੇਂ ਚੈਕ ਕਰਵਾਈਆਂ ਜਾਣ।

| ਵੌਚਰ ਨੰਬਰ | ਮਹੀਨਾ | ਫਰਮ ਦਾ ਨਾਮ | ਰਕਮ ਰੁਪੈ | ਕੰਮ ਦਾ ਨਾਮ |
|---|---|---|---|---|
| 12 | 8/15 | ਪਲਾਸੇਰ ਕੋਆਪਰੇਟਿਵ ਸੋਸਾਇਟੀ | 34300- | ਐਫਐਫ ਦੀ ਅਦਾਇਗੀ ਐਮ ਬੀ ਨੰਬਰ 41/2 |
| 14 | 8/15 | ਉਹੀ | 160542- | 1215 ਐਮ ਐਮ ਦੇ ਜਿਪਸਮ ਬੋਰਡਾਂ ਦੀ ਸਪਲਾਈ ਅਤੇ ਲਗਵਾਈ ਐਮ ਬੀ 41/7-9 |

ਪੈਰਾ ਨੰਬਰ 6

**ੳ) ਗਰਾਂਟਾਂ:-** ਸਮਾਂ 4/15 ਤੋਂ 3/16 ਦੌਰਾਨ ਪ੍ਰਾਪਤ ਹੋਈਆਂ ਗਰਾਂਟਾਂ ਦੀ ਪੜਤਾਲ ਆਡੀਟਰ ਵਲੋਂ ਕੀਤੀ ਗਈ ਸੀ ਅਤੇ ਪੜਤਾਲ ਰਿਪੋਰਟ ਦੀ ਇਕ ਇਕ ਕਾਪੀ ਮੋਕੇ ਤੇ ਹੀ ਕਾਰਜ ਸਾਧਕ ਅਫਸਰ ਨੂੰ ਦਸਤੀ ਦਿਤੀ ਗਈ ਸੀ ਅਤੇ ਦਸਿਆ ਗਿਆ ਸੀ ਕਿ ਸਾਰੀਆਂ ਪੁਰਾਣੀਆਂ ਗਰਾਂਟਾਂ ਦਾ ਨਿਪਟਾਰਾ ਤੁਰੰਤ ਕੀਤਾ ਜਾਵੇ। ਨਗਰ ਪੰਚਾਇਤ ਦੇ

ਕੋਈ ਵੀ ਗ੍ਰਾਂਟ [illegible] ਹੈ ਕਿ [illegible] ਕੀਤਾ ਜਾਵੇ।

ਅਧਿਕਾਰੀਆਂ ਵਲੋਂ ਪੇਸ਼ ਕੀਤੇ ਰਿਕਾਰਡ ਦੌਰਾਨ ਇਹ ਪਾਇਆ ਗਿਆ ਸੀ ਕਿ ਨਗਰ ਪੰਚਾਇਤ ਰਾਜਾਸਾਂਸੀ ਕੋਲ ਸਾਲ 2013-14, 2014-15 ਅਤੇ ਸਾਲ 2015-16 ਦੌਰਾਨ ਕੋਈ ਵੀ ਅਣਵਰਤੀ ਗਰਾਂਟ ਨਹੀ ਹੈ।

**ਪੈਰਾ 6 (ਅ) ਕਰਜੇ:-** ਪੜਤਾਲ ਸਮੇਂ ਦੌਰਾਨ ਨਗਰ ਪੰਚਾਇਤ ਵਲੋਂ ਕਿਸੇ ਵੀ ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾ ਵਲੋਂ ਕੋਈ ਕਰਜਾ ਨਹੀ ਲਿਆ ਗਿਆ ਸੀ।

**ਪੈਰਾ ਨੰਬਰ 7- ਵਿਤੀ ਸਥਿਤੀ**

**ੳ) ਜਨਰਲ ਕੈਸ਼ ਬੁਕ**

ਨਗਰ ਪੰਚਾਇਤ ਰਾਜਾਸਾਂਸੀ ਦੀ ਵਿਤੀ ਸਥਿਤੀ ਤੁਲਨਾਤਮਿਕ ਰੂਪ ਵਿਚ ਹੇਠ ਲਿਖੇ ਅਨੁਸਾਰ ਹੈ:-

| ਸਮਾਂ-ਸਾਲ | 2014-15 | 2015-16 |
|---|---|---|
| ਮੁੱਢਲੀ ਬਾਕੀ | 18570479- | 15546624- |
| ਆਮਦਨ | 41068014- | 38724636- |
| ਜੋੜ | 59638493- | 54271260- |
| ਖਰਚ | 44091869- | 48749344- |
| ਅੰਤਿਮ ਬਾਕੀ | 15546624- | 5521916- |

**ਅ) ਪੰਜਾਬ ਨਿਰਮਾਨ**

| ਸਮਾਂ-ਸਾਲ | 2014-15 | 2015-16 |
|---|---|---|
| ਮੁੱਢਲੀ ਬਾਕੀ | 68006- | 70753- |
| ਆਮਦਨ | 2747- | 2863- |
| ਜੋੜ | 70753- | 73616- |
| ਖਰਚ | -- | 500- |
| ਅੰਤਿਮ ਬਾਕੀ | 70753- | 73116- |

ਣ) ਪੀ ਐਮ ਆਈ ਡੀ ਸੀ(PMIDC)

| ਸਮਾਂ-ਸਾਲ | 2014-15 | 2015-16 |
|---|---|---|
| ਮੁੱਢਲੀ ਬਾਕੀ | 6438375- | 6345972- |
| ਆਮਦਨ | 6434- | 178219- |
| ਜੋੜ | 6444810- | 6524191- |
| ਖਰਚ | 98838- | 484344- |
| ਅੰਤਿਮ ਬਾਕੀ | 6345972- | 6039847- |

ਸ) ਯੂ ਡੀ -3

| ਸਮਾਂ-ਸਾਲ | 2014-15 | 2015-16 |
|---|---|---|
| ਮੁੱਢਲੀ ਬਾਕੀ | 24438- | 25426- |
| ਆਮਦਨ | 988- | 706980- |
| ਜੋੜ | 25426- | 732406- |
| ਖਰਚ | -- | 674440- |
| ਅੰਤਿਮ ਬਾਕੀ | 25426- | 57966- |

**ਪੈਰਾ ਨੰਬਰ 8- ਨਕਸ਼ਿਆਂ ਸਬੰਧੀ**

ੳ) ਆਡਿਟ ਰਿਪੋਰਟ ਸਮਾਂ 4/2005 ਤੋਂ 3/12 ਦੇ ਪੈਰਾ ਨੰਬਰ 14(ੲ) ਮੁਤਾਬਕ ਨਗਰ ਪੰਚਾਇਤ ਵਲੋਂ ਹੇਠ ਦਰਜ ਵੇਰਵੇ ਅਨੁਸਾਰ ਬਿਲਡਿੰਗ ਦੇ ਨਕਸ਼ੇ ਪਾਸ ਕੀਤੇ ਗਏ ਸਨ ਅਤੇ ਜਿਨਾਂ ਵਿਚ ਡਿਵੈਲਪਮੈਂਟ ਚਾਰਜ ਦੀ 6048- ਰੁਪੈ ਦੀ ਘੱਟ ਵਸੂਲੀ ਕੀਤੀ ਗਈ ਸੀ। ਇਹ ਰਕਮ ਹੁਣ ਤਕ ਨਹੀ ਵਸੂਲੀ ਗਈ। ਇਸ ਦੀ ਵਸੂਲੀ ਸਬੰਧੀ ਬਿਲਡਿੰਗ ਦੇ ਮਾਲਕ ਪਾਸੋਂ ਜਾਂ ਕਸੂਰਵਾਰ ਕਰਮਚਾਰੀ ਪਾਸੋਂ ਪ੍ਰਾਪਤ ਕਰਕੇ ਨਗਰ ਪੰਚਾਇਤ ਫੰਡ ਵਿਚ ਜਮਾਂ ਕਰਵਾਈ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਲੜੀ ਨੰਬਰ | ਮਾਲਕ ਦਾ ਨਾਮ | ਮਿਤੀ | ਰਸੀਦ ਨੰਬਰ | ਕੁਲ ਬਣਦੀ ਰਕਮ ਰੁਪੈ | ਕੁਲ ਵਸੂਲੀ ਰਕਮ ਰੁਪੈ | ਘੱਟ ਵਸੂਲੀ ਰਕਮ ਰੁਪੈ |
|---|---|---|---|---|---|---|
| 1 | ਜਸਬੀਰ ਮਸੀਹ | 31-7-09 | 72/32 | 39793- | 33745- | 6048- |
| | | | | | | 6048- |

ਅ) ਹੇਠ ਲਿਖੇ ਵੇਰਵੇ ਅਨੁਸਾਰ ਵੱਖ ਵੱਖ ਪ੍ਰਾਪਰਟੀ ਹੋਲਡਰਾਂ ਦੀਆਂ ਬਿਲਡਿੰਗਾਂ ਦੇ ਨਕਸ਼ੇ ਸਬੰਧਤ ਰਜਿਸਟਰ ਵਿਚ ਪਾਸ ਕੀਤੇ ਦਰਸਾਏ ਗਏ ਸਨ ਪ੍ਰੰਤੂ ਇਹਨਾਂ ਨਾਲ ਸਬੰਧਤ ਫਾਇਲ ਪੜਤਾਲ ਸਮੇਂ ਪੇਸ਼ ਨਹੀ ਕੀਤੀ ਜਿਸ ਕਰਕੇ ਇਸ ਪ੍ਰਾਪਰਟੀ ਹੋਲਡਰ ਤੋਂ ਨਕਸ਼ਾ ਫੀਸ, ਮਲਬਾ ਫੀਸ, ਫਾਰਮ ਫੀਸ ਵਜੋਂ ਪ੍ਰਾਪਤ ਰਕਮ ਦੀ ਪੜਤਾਲ ਨਹੀ ਹੋ ਸਕੀ। ਇਹਨਾਂ/ਇਸ ਫਾਇਲ ਨੂੰ ਅਗਲੇ ਆਡਿਟ ਸਮੇਂ ਪੇਸ਼ ਕਰਨਾ ਯਕੀਣੀ ਬਨਾਇਆ ਜਾਵੇ।

| ਫਾਇਲ ਨੰਬਰ/ਰਜਿਸਟਰ ਲੜੀ ਨੰਬਰ | ਵੇਰਵਾ |
|---|---|
| 40 ਮਿਤੀ 7-8-2015 | ਵਜੀਰ ਚੰਦ ਪੁਤਰ ਸ਼੍ਰੀ ਠਾਕਰ ਦਾਸ ਵਾਰਡ ਨੰਬਰ 03 ਮੇਨ ਰੋਡ ਰਾਜਾਸਾਂਸੀ |

**ਪੈਰਾ ਨੰਬਰ 9- ਵਾਟਰ ਸਪਲਾਈ**

ਨਗਰ ਪੰਚਾਇਤ ਵਲੋਂ ਵਾਟਰ ਸਪਲਾਈ ਦਾ ਮੰਗ ਅਤੇ ਵਸੂਲੀ ਰਜਿਸਟਰ W-2 ਤਿਆਰ ਕਰਨ ਉਪਰੰਤ ਲੇਖਾ ਪੜਤਾਲ ਲਈ ਪੇਸ਼ ਕਰ ਦਿਤਾ ਗਿਆ ਪ੍ਰੰਤੂ ਮਿਤੀ 05-9-14 ਤੋਂ ਵਾਟਰ ਸਪਲਾਈ ਦੀ ਉਗਰਾਹੀ ਦਾ ਕੰਮ ਸਰਕਾਰ ਦੇ ਹੁਕਮਾਂ ਅਨੁਸਾਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਸਰਕਲ ਅੰਮ੍ਰਿਤਸਰ ਨੂੰ ਸੌਂਪ ਦਿਤਾ ਗਿਆ ਸੀ ਅਤੇ ਮਿਤੀ 5-9-14 ਅਨੁਸਾਰ ਨਗਰ ਪੰਚਾਇਤ ਰਾਜਾਸਾਂਸੀ ਦੇ ਰਿਕਾਰਡ ਅਨੁਸਾਰ ਵੱਖ ਵੱਖ ਖਪਤਕਾਰਾਂ ਪਾਸੋਂ 1078982- ਰੁਪੈ ਦਾ ਬਕਾਇਆ ਵਸੂਲਣਯੋਗ ਹੈ। ਇਹ ਬਕਾਇਆ ਤੁਰੰਤ ਵਸੂਲਣ ਦੇ ਉਪਰਾਲੇ ਕੀਤੇ ਜਾਣ ਅਤੇ ਕੀਤੀ ਕਾਰਵਾਈ ਤੋਂ ਆਡਿਟ ਨੂੰ ਵੀ ਜਾਣੂ ਕਰਵਾਇਆ ਜਾਵੇ।

## ਪੈਰਾ ਨੰਬਰ 10- ਹਾਊਸ ਟੈਕਸ

ਨਗਰ ਪੰਚਾਇਤ ਦੇ ਹਾਊਸ ਟੈਕਸ ਦੇ ਬਕਾਇਆ ਦੀ ਸਥਿਤੀ ਹੇਠ ਲਿਖੇ ਅਨੁਸਾਰ ਸੀ। ਸਾਲ 2012-13 ਦੇ ਅੰਤ ਤਕ ਇਹ ਵਸੂਲਣਯੋਗ ਰਕਮ 2307764- ਬਕਾਇਆ ਖੜੀ ਸੀ। ਸਾਲ 2014-15 ਅਤੇ 2015-16 ਦੌਰਾਨ ਨਗਰ ਪੰਚਾਇਤ ਦੇ ਕਰਮਚਾਰੀਆਂ ਵਲੋਂ 456768- ਰੁਪੈ ਵਸੂਲ ਕੀਤੇ ਗਏ ਜਦਕਿ 1850996- ਰੁਪੈ ਅਜੇ ਵੀ ਹਾਊਸ ਟੈਕਸ ਦੇ ਬਕਾਏ ਵਜੋਂ ਖੜੇ ਸਨ। ਇਸ ਦੀ ਵਸੂਲੀ ਸਬੰਧੀ ਵੀ ਯੋਗ ਉਪਰਾਲੇ ਕੀਤੇ ਜਾਣ ਅਤੇ ਕੀਤੀ ਗਈ ਕਾਰਵਾਈ ਤੋਂ ਆਡਿਟ ਨੂੰ ਅਗਲੇ ਆਡਿਟ ਸਮੇਂ ਜਾਣੂ ਕਰਵਾਇਆ ਜਾਵੇ।

2015-16 ਰੁਪੈ

| | |
|---|---|
| ਮੁਢਲੀ ਬਾਕੀ | 2307764- |
| ਵਸੂਲੀ 2014-15 ਅਤੇ 2015-16 ਦੌਰਾਨ | 456768- |
| ਬਕਾਇਆ | 1850996- |

## ਪੈਰਾ ਨੰਬਰ 11- ਲਾਗ ਬੁਕਾਂ

ਸਾਲ 2015-16 ਦੌਰਾਨ ਵੱਖ ਵੱਖ ਲਾਗ ਬੁਕਾਂ ਸਬੰਧਤ ਕਰਮਚਾਰੀਆਂ ਵਲੋਂ ਸਹੀ ਤਰੀਕੇ ਨਤਲ ਤਿਆਰ ਨਹੀ ਕੀਤੀਆਂ ਗਈਆਂ ਸਨ। ਤੇਲ ਦੀ ਖ੍ਰੀਦ ਦੇ ਇੰਦਰਾਜ ਮਿਤੀ ਵਾਇਜ਼ ਦਰਜ ਨਹੀ ਕੀਤੇ ਗਏ ਸਨ ਜਿਸ ਕਰਕੇ ਇਸ ਦੀ ਪੜਤਾਲ ਨਹੀ ਹੋ ਸਕੀ। ਲਾਗ ਬੁਕ ਵਿਚ ਤੇਲ ਦੇ ਇੰਦਰਾਜ ਅਤੇ ਖਪਤ ਨੂੰ ਕਿਸੇ ਕਰਮਚਾਰੀ/ਅਧਿਕਾਰੀ ਵਲੋਂ ਤਸਦੀਕ ਨਹੀ ਕੀਤਾ ਗਿਆ ਸੀ। ਇਹ ਇਕ ਗੰਭੀਰ ਉਕਾਈ ਹੈ। ਇਹ ਤੱਥ ਕਾਰਜ ਸਾਧਕ ਅਫਸਰ ਜੀ ਦੇ ਵਿਸ਼ੇਸ਼ ਧਿਆਨ ਹਿੱਤ ਲਿਆਂਦਾ ਜਾਂਦਾ ਹੈ। ਸਬੰਧਤ ਕਰਮਚਾਰੀ ਨੂੰ ਹਦਾਇਤ ਕੀਤੀ ਜਾਵੇ ਕਿ ਇਹ ਰਿਕਾਰਡ ਸਹੀ ਰੂਪ ਵਿਚ ਤਿਆਰ ਕੀਤਾ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

ਲਾਗ ਬੁੱਕਾਂ ਕਾ.ਸ.ਅਫਸਰ ਤੋਂ ਤਸਦੀਕ ਕਰਵਾ ਦਿੱਤੀਆਂ ਗਈਆਂ ਸਨ ਜੋ ਇਹ ਪੈਰਾ ਸੈਟਲ ਕੀਤਾ ਜਾਵੇ ਜੀ।

(signature)

ਪੈਰਾ ਨੰਬਰ 12- ਕਲਾਸੀਫਾਇਡ ਐਬਸਟਰੇਕਟ

ਹੇਠ ਦਿਤੇ ਵੇਰਵੇ ਅਨੁਸਾਰ ਸਾਲ 2015-16 ਦੌਰਾਨ ਬਜਟ ਵਿਚ ਨਿਰਧਾਰਤ ਕੀਤੀਆਂ ਗਈਆਂ ਮੱਦਾਂ ਤੋਂ ਘੱਟ ਆਮਦਨ ਪ੍ਰਾਪਤ ਹੋਈ ਸੀ। ਟੀਚੇ ਤੋਂ ਘੱਟ ਆਮਦਨ ਦੀ ਵਸੂਲੀ ਇਕ ਗੰਭੀਰ ਮਾਮਲਾ ਹੈ, ਇਸ ਲਈ ਇਹ ਮਾਮਲਾ ਡਾਇਰੈਕਟਰ ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ ਜੀ ਦੇ ਵਿਸ਼ੇਸ਼ ਧਿਆਨ ਵਿਚ ਲਿਆਂਦਾ ਹੈ ਅਤੇ ਅੱਗੇ ਤੋਂ ਆਮਦਨ ਦੀ ਵਸੂਲੀ ਬਜਟ ਵਿਚ ਨਿਰਧਾਰਤ ਕੀਤੀਆਂ ਮੱਦਾਂ ਅਨੁਸਾਰ ਕਰਨ ਦੇ ਉਪਰਾਲੇ ਕੀਤੇ ਜਾਣ ਅਤੇ ਇਸ ਦੀ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

ਆਮਦਨ

| ਲੜੀ ਨੰਬਰ | ਮੱਦ ਦਾ ਨਾਮ | ਬਜਟ ਲੱਖ ਰੁਪੈ | 1-4-15 ਤੋਂ 31-3-16 ਤਕ ਲੱਖ ਰੁਪੈ | ਵਿਸ਼ੇਸ਼ ਕਥਨ |
|---|---|---|---|---|
| 1 | ਹਾਊਸ ਟੈਕਸ ਪ੍ਰਾਪਰਟੀ ਟੈਕਸ | 14.00 | 12.97 | |
| 2 | ਵਾਟਰ ਰੇਟ | 0.00 | 0 | |
| 3 | ਨਕਸ਼ਾ ਫੀਸ | 15.00 | 16.99 | |
| 4 | ਕਿਰਾਇਆ | 0.25 | 8.30 | |
| 5 | ਐਡਵਰਟਾਇਜ਼ਮੈਂਟ | 2.00 | 0.46 | |
| 6 | ਵਾਹੀ ਯੋਗ ਜਮੀਨਾਂ ਦਾ ਠੇਕਾ | 7.00 | 1.79 | |
| 7 | ਬਿਜਲੀ ਚੂੰਗੀ ਕਰ | 15.00 | 3.41 | |
| 8 | ਵੈਟ ਤੋਂ ਪ੍ਰਾਪਤ ਆਮਦਨ | 300.00 | 261.79 | |
| 9 | ਐਕਸਾਈਜ਼ ਡਿਊਟੀ | 25.00 | 5.18 | |
| 10 | ਹੋਰ ਸਾਧਨਾ ਤੋਂ ਆਮਦਨ | 35.00 | 12.06 | |
| | ਕੁਲ | 413.25 | 322.95 | |

ਨਾਰਗਲੀ ਤੋਂ ਇੱਕੋ ਹੀ ਆਮਦਨ ਘੱਟ ਪ੍ਰਾਪਤ ਹੋਈ ਹੈ ਉਸਾਰ ਕਰਕੇ ਪੈਰਾ ਸੈਟਲ ਕੀਤਾ ਜਾਵੇ ਜੀ।

ਖਰਚਾ

| ਲੜੀ ਨੰਬਰ | ਮੱਦ ਦਾ ਨਾਮ | ਬਜਟ ਲੱਖ ਰੁਪੈ | 1-4-15 ਤੋਂ 31-3-16 ਤਕ ਲੱਖ ਰੁਪੈ | ਵਿਸ਼ੇਸ਼ ਕਥਨ |
|---|---|---|---|---|
| 1 | ਅਮਲਾ | 136.85 | 113.16 | |
| 2 | ਅਚਨਚੇਤ ਖਰਚੇ | 22.00 | 11.78 | |
| 3 | ਵਿਕਾਸ ਤੇ ਖਰਚਾ ਸਿਵਾਏ ਗਰਾਂਟਾਂ ਤੋਂ | 332.19 | 298.77 | |
| 4 | ਕਮਿਟਿਡ ਵਿਕਾਸ ਦੇ ਖਰਚੇ | 130.19 | 100.39 | |
| 5 | ਨਾਨ ਕਮਿਟਿਡ ਵਿਕਾਸ ਦੇ ਖਰਚੇ | 202.00 | 198.38 | |
| | ਕੁਲ | 491.04 | 423.71 | |

**ਪੈਰਾ ਨੰਬਰ 13- ਆਡਿਟ ਫੀਸ**

ਵਰਤਮਾਨ ਪੜਤਾਲ ਸਮੇਂ ਦੀ ਆਡਿਟ ਫੀਸ 10500- ਰੁਪੈ ਕਾਰਜ ਸਾਧਕ ਅਫਸਰ ਰਾਹੀਂ ਸਰਕਾਰੀ ਖਜਾਨੇ ਵਿਖੇ ਲੇਖੇ ਦੀ ਮੱਦ 070- ਦੂਜੀਆਂ ਪ੍ਰਬੰਧਕੀ ਸੇਵਾਵਾਂ-60- ਦੂਜੀਆਂ ਸੇਵਾਵਾਂ-110- ਸਰਕਾਰੀ ਆਡਿਟ ਫੀਸ (ਸਟੇਟ) ਅਧੀਨ ਬੈਂਕ ਚਲਾਨ ਨੰਬਰ 008 ਮਿਤੀ 13-7-16 ਰਾਹੀਂ ਸਟੇਟ ਬੈਂਕ ਆਫ ਇੰਡੀਆ, ਅੰਮ੍ਰਿਤਸਰ ਕੈਨਟ ਬਰਾਂਚ ਵਿਖੇ ਜਮਾਂ ਕਰਵਾ ਦਿਤੇ ਗਏ ਹਨ।

| ਪੜਤਾਲ ਦੀਆਂ ਮਿਤੀਆਂ | ਸਟਾਫ ਦਾ ਵੇਰਵਾ | ਦਿਨਾਂ ਦੀ ਦਰ | ਦਰ ਪ੍ਰਤੀ ਦਿਨ ਰੁਪੈ | ਰਕਮ ਰੁਪੈ |
|---|---|---|---|---|
| | ਆਡੀਟਰ (ਇੰਚਾਰਜ ਆਡਿਟ ਪਾਰਟੀ) | 1 | 3500- | 3500- |
| | ਉਹੀ | 1 | 3500- | 3500- |
| | ਉਹੀ | 1 | 3500- | 3500- |
| | ਕੁਲ | 03 | | 10500- |

**ਪੈਰਾ ਨੰਬਰ 14 (ੳ) ਅਮਲਾ :**

(ੳ) (i) ਵਰਤਮਾਨ ਆਡਿਟ ਸਮੇਂ ਹੇਠ ਲਿਖਿਆ ਰਿਕਾਰਡ ਪੇਸ਼ ਨਹੀਂ ਕੀਤਾ ਗਿਆ ਜੋ ਕਿ ਹੁਣ ਅਗਲੇ ਆਡਿਟ ਸਮੇਂ ਕੀਤਾ ਜਾਵੇ।

(i) ਸੇਵਾ-ਪੱਤਰੀ — ਸ੍ਰੀ ਹਰਿੰਦਰ ਸਿੰਘ, ਕਲਰਕ

(ii) ਕਰਮਚਾਰੀਆਂ ਦੀਆਂ ਅਚਣਚੇਤ,ਰਾਖਵੀਆਂ ਛੁੱਟੀਆਂ ਦੇ ਰੱਖ-ਰਖਾਵ ਸਬੰਧੀ ਰਜਿਸਟਰ।

(iii) ਹੇਠ ਲਿਖੇ ਕਰਮਚਾਰੀਆਂ ਦੀਆਂ ਸੇਵਾ-ਪੱਤਰੀਆਂ ਦੇ ਲੀਵ ਅਕਾਊਂਟ ਤਿਆਰ ਕਰਨ ਉਪਰੰਤ ਕਿਸੇ ਵੀ ਜਿੰਮੇਵਾਰ ਅਧਿਕਾਰੀ ਦੇ ਦਸਤਖਤ ਨਹੀਂ ਕਰਵਾਏ ਗਏ। ਇਹ ਦਸਤਖਤ ਹੁਣ ਕਰਵਾਏ ਜਾਣ ਅਤੇ ਇਸਦੀ ਪਾਲਣਾ ਅਗਲੇ ਆਡਿਟ ਸਮੇਂ ਪੇਸ਼ ਕੀਤੀ ਜਾਵੇ :

| | ਕਰਮਚਾਰੀ ਦਾ ਨਾਂ | ਅਹੁਦਾ |
|---|---|---|
| 1) | ਸ੍ਰੀ ਸ਼ਮਸ਼ੇਰ ਸਿੰਘ | ਜੂ. ਸਹਾਇਕ |
| 2) | ਸ੍ਰੀ ਸੁਖਦੇਵ ਰਾਜ | ਸੇਵਾਦਾਰ |
| 3) | ਸ੍ਰੀਮਤੀ ਰਿਤੂ ਸ਼ਰਮਾ | ਕਲਰਕ |

**ਪੈਰਾ ਨੰਬਰ 14(ਅ)- ਰਿਕਾਰਡ ਪੇਸ਼ ਨਹੀ ਕੀਤਾ**

ਹੇਠ ਲਿਖਿਆ ਰਿਕਾਰਡ ਪੜਤਾਲ ਸਮੇਂ ਪੇਸ਼ ਨਹੀ ਕੀਤਾ ਗਿਆ। ਇਹ ਰਿਕਾਰਡ ਅਗਲੀ ਪੜਤਾਲ ਸਮੇਂ ਪੇਸ਼ ਕਰਨਾ ਯਕੀਨੀ ਬਣਾਇਆ ਜਾਵੇ।

1. ਸਟਾਕ ਰਜਿਸਟਰ
2. ਲਾਇਸੈਂਸ ਅੰਡਰ ਸੈਕਸ਼ਨ 121 ਰਿਕਸ਼ਾ, ਰੇੜਾ ਠੇਲਾ ਆਦਿ
3. ਜੀ-8 ਕਿਤਾਬਾਂ ਦਾ ਰਜਿਸਟਰ/ਟਾਵਰਾਂ ਦਾ ਆਮਦਨ ਰਜਿਸਟਰ
4. ਵਰਕ ਰਜਿਸਟਰ/ਸਕਿਉਰਟੀ ਰਜਿਸਟਰ

**ਪੈਰਾ ਨੰਬਰ 15- ਫੁਟਕੱਲ**

ੳ) ਨਗਰ ਪੰਚਾਇਤ ਵਲੋਂ ਰਿਪੇਅਰ ਸਬੰਧੀ ਕੀਤੇ ਖਰਚਿਆਂ ਲਈ ਕੋਈ ਵੱਖਰਾ ਰਿਪੇਅਰ ਰਜਿਸਟਰ ਨਹੀ ਲਗਾਇਆ ਗਿਆ। ਇਸ ਨਾਲ ਰਿਪੇਅਰ ਉਪਰ ਕੀਤੇ ਖਰਚੇ ਸਬੰਧੀ ਮੁਕੰਮਲ ਪੜਤਾਲ ਨਹੀ ਹੋ ਸਕਦੀ। ਇਹ ਰਜਿਸਟਰ ਹੁਣ ਲਾਇਆ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

ਅ) ਆਡਿਟ ਪੜਤਾਲ ਸਮੇਂ ਦੌਰਾਨ ਨਕਾਰਾ ਸਮਾਨ ਅਤੇ ਪੁਰਾਣੇ ਅਖਬਾਰਾਂ ਦੀ ਰੱਦੀ ਵੇਚੀ ਨਹੀ ਗਈ। ਇਹ ਸਮਾਨ ਹੁਣ ਖੁੱਲੀ ਬੋਲੀ ਰਾਹੀਂ ਵੇਚਿਆ ਜਾਵੇ ਅਤੇ ਆਮਦਨ ਨਗਰ ਪੰਚਾਇਤ ਫੰਡ ਵਿੱਚ ਜਮਾਂ ਕਰਾਈ ਜਾਵੇ।

**ਇਤਰਾਜ ਸੂਚੀ:-** ਕੋਈ ਵੱਖਰੀ ਇਤਰਾਜ ਸੂਚੀ ਜਾਰੀ ਨਹੀ ਕੀਤੀ ਗਈ।

**ਸਿੱਟਾ:-** ਸੰਮਤੀ ਦੇ ਲੇਖਿਆਂ ਵਿਚ ਹੋਰ ਸੁਧਾਰ ਅਤੇ ਨੇੜਲੀ ਨਿਗਰਾਨੀ ਦੀ ਲੋੜ ਹੈ। ਲੇਖਾ ਪੜਤਾਲ ਦੌਰਾਨ ਆਡਿਟ ਸਟਾਫ ਨਾਲ ਕੀਤੇ ਸਹਿਯੋਗ ਲਈ ਪੰਚਾਇਤ ਸੰਮਤੀ ਦੇ ਕਰਮਚਾਰੀਆਂ/ਅਧਿਕਾਰੀਆਂ ਦਾ ਧੰਨਵਾਦ ਕੀਤਾ ਜਾਂਦਾ ਹੈ।

ਪਰਮਜੀਤ ਸਿੰਘ
ਆਡੀਟਰ

ਰਿਜਨਲ ਡਿਪਟੀ ਡਾਇਰੈਕਟਰ
ਲੋਕਲ ਆਡਿਟ, ਪੰਜਾਬ
ਅੰਮ੍ਰਿਤਸਰ।